আরও তথ্য, পরামর্শ এবং সাহায্যের জন্য আমাদের সাথে যোগাযোগ করুন 0161 945 4187 এই নম্বরে।
জরুরী অবস্থায় পুলিশের সাথে যোগাযোগ করুন 999 এই নম্বরে।

વધારે માહિતી, સલાહ અને સહાય માટે **0161 945 4187** નંબર પર અમારો સંપર્ક સાધો.
ઇમરજન્સીમાં પોલીસનો **999** નંબર પર સંપર્ક સાધો અથવા

مزید معلومات، مشورہ اور مدد کیلئے ٹیلی فون نمبر **0161-945 4187** پر رابطہ کریں
ایمرجنسی میں پولیس کے ساتھ **999** پر رابطہ کریں

للحصول عن معلومات أو نصائح أو دعم أكثر اتصل بنا على رقم الهاتف 0161 945 4187
عند الحالات الطارئة اتصل بالشرطة على 999

अधिक जानकारी, सलाह-परामर्श व सपोर्ट के लिए कृपया 0161 945 4187 नम्बर पर फोन कीजिए।
इमरजन्सि में पुलिस को 999 पर फोन कीजिए

**ਹੋਰ ਜਾਣਕਾਰੀ, ਸਲਾਹ ਅਤੇ ਸਹਾਇਤਾ ਲੈਣ ਲਈ ਟੈਲੀਫੋਨ ਨੰਬਰ 0161 945 4187 ਤੇ ਗੱਲ ਕਰੋ**
**ਐਮਰਜੈਂਸੀ ਵਿਚ ਪੁਲਸ ਨੂੰ 999 ਤੇ ਫੋਨ ਕਰੋ**

**For information, advice, support and refuge accommodation for Asian women and children contact**
**Saheli – 0161 945 4187**
**9am- 5pm**

**In an emergency contact the Police on 999**

Registered Charity No.: 1033067

Punjabi

# Saheli

## ਘਰੇਲੂ ਮਾਰ-ਕੁੱਟ ਇਕ ਜੁਰਮ ਹੈ

## ਘਰੇਲੂ ਮਾਰ-ਕੁੱਟ ਸਹਿਣ ਨਾ ਕਰੋ



## ਵਾਲੇ ਕੰਮ

ਘਰੇਲੂ ਤਸ਼ੱਦਦ ਤੋਂ ਤੰਗ ਆ ਕੇ ਘਰੋਂ ਦੌੜ ਜਾਣ ਵਾਲੀਆਂ ਏਸ਼ੀਅਨ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਨੂੰ, ਸਹੇਲੀ ਐਮਰਜੈਂਸੀ ਵਿੱਚ ਆਰਜ਼ੀ ਪਨਾਹ ਦੇਣ ਲਈ ਰਿਹਾਇਸ਼ ਦਿੰਦੀ ਹੈ। ਅਸੀਂ ਕਈ ਪ੍ਰਕਾਰ ਦੀਆਂ ਸੁਰੱਖਿਅਤਾ ਅਤੇ ਭੇਤਦਾਰੀ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ, ਜੋ ਕਿ ਹੇਠ ਲਿਖੇ ਅਨੁਸਾਰ ਹਨ :

- ✓ **ਪਨਾਹ ਸੰਬੰਧੀ ਸੇਵਾਵਾਂ :** ਘਰੇਲੂ ਤਸ਼ੱਦਦ ਤੋਂ ਤੰਗ ਆ ਕੇ ਘਰੋਂ ਦੌੜ ਜਾਣ ਵਾਲੀਆਂ ਏਸ਼ੀਅਨ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਨੂੰ ਪਨਾਹ ਦੇਣ ਲਈ, ਇਸ ਸੰਸਥਾ ਦੇ ਵਰਕਰ 6 ਸੌਣ ਵਾਲੇ ਕਮਰਿਆਂ ਵਾਲਾ ਪਨਾਹ ਕੇਂਦਰ ਚਲਾਉਂਦੇ ਹਨ।
- ✓ **ਬੱਚਿਆਂ ਲਈ ਸੇਵਾਵਾਂ :** ਇਹ ਯਕੀਨੀ ਬਣਾਉਣ ਲਈ ਕਿ ਬੱਚਿਆਂ ਦੀਆਂ ਲੋੜਾਂ, ਜਿਵੇਂ ਕਿ ਖੇਡਣ ਦੇ ਸੈਸ਼ਨਾਂ ਰਾਹੀਂ ਜਾਂ ਇਕੱਲੇ ਇਕੱਲੇ ਬੱਚੇ ਨਾਲ ਕੰਮ ਕਰਨ ਰਾਹੀਂ ਪੂਰੀਆਂ ਕੀਤੀਆਂ ਜਾਂਦੀਆਂ ਹਨ, ਇਸ ਪਨਾਹ ਕੇਂਦਰ ਵਿੱਚ ਬੱਚਿਆਂ ਲਈ ਸੇਵਾਵਾਂ ਵੀ ਹਨ।
- ✓ **ਬਾਅਦ ਦੀ ਦੇਖ-ਭਾਲ ਅਤੇ ਭਾਈਚਾਰੇ ਵਿੱਚ ਜਾ ਕੇ ਪ੍ਰਦਾਨ ਕੀਤੀ ਜਾਣ ਵਾਲੀ ਸੇਵਾ :** ਇਹ ਸੇਵਾ, ਉਹਨਾਂ ਏਸ਼ੀਅਨ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਦੀ ਸਹਾਇਤਾ ਕਰਨ ਲਈ ਪ੍ਰਦਾਨ ਕੀਤੀ ਜਾਂਦੀ ਹੈ, ਜਿਹਨਾਂ ਨੂੰ ਪਨਾਹਗਾਹ ਦੁਆਰਾ ਮੁੜ ਕੇ ਰਿਹਾਇਸ਼ ਦਿੱਤੀ ਜਾਂਦੀ ਹੈ ਜਾਂ ਜਿਹੜੀਆਂ ਭਾਈਚਾਰੇ ਵਿੱਚ ਰਹਿ ਰਹੀਆਂ ਹਨ, ਜਿਹੜੀਆਂ ਘਰੇਲੂ ਤਸ਼ੱਦਦ ਦਾ ਸਾਮ੍ਹਣਾ ਕਰ ਰਹੀਆਂ ਹਨ, ਜਿਹਨਾਂ ਨੇ ਘਰੇਲੂ ਤਸ਼ੱਦਦ ਦਾ ਸਾਮ੍ਹਣਾ ਕੀਤਾ ਹੈ।

## ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਸ਼ਾਮਲ ਸੇਵਾਵਾਂ

- ✓ ਘਰੇਲੂ ਤਸ਼ੱਦਦ ਤੋਂ ਤੰਗ ਆ ਕੇ ਘਰੋਂ ਦੌੜ ਜਾਣ ਵਾਲੀਆਂ ਏਸ਼ੀਅਨ ਔਰਤਾਂ ਅਤੇ ਉਹਨਾਂ ਦੇ ਬੱਚਿਆਂ ਨੂੰ ਐਮਰਜੈਂਸੀ ਵਿੱਚ ਰਿਹਾਇਸ਼ ਦਿੱਤੀ ਜਾਂਦੀ ਹੈ।
- ✓ ਸਭਿਆਚਾਰਕ ਤੌਰ ਤੇ ਵਾਕਫ਼ ਮਹੌਲ ਵਿੱਚ ਜਜ਼ਬਾਤੀ ਸਮਰਥਨ ਦਿੱਤਾ ਜਾਂਦਾ ਹੈ। ਆਪਣੇ ਆਪ ਲਈ ਅਤੇ ਆਪਣੇ ਬੱਚਿਆਂ ਲਈ ਸਹੀ ਫ਼ੈਸਲੇ ਕਰਨ ਦੇ ਔਰਤਾਂ ਨੂੰ ਯੋਗ ਬਣਾਉਣ ਵਿੱਚ ਸਹਾਇਤਾ ਕਰਨ ਲਈ, ਉਹਨਾਂ ਨੂੰ ਜਾਣਕਾਰੀ ਅਤੇ ਸਲਾਹ-ਮਸ਼ਵਰਾ ਦਿੱਤਾ ਜਾਂਦਾ ਹੈ।
- ✓ ਰਿਹਾਇਸ਼ ਲਈ ਫ਼ਾਰਮ ਭਰਨ ਵਿੱਚ ਅਤੇ ਭੱਤੇ ਲੈਣ ਲਈ ਅਰਜ਼ੀਆਂ ਦੇਣ ਵਿੱਚ ਸਹਾਇਤਾ ਕੀਤੀ ਜਾਂਦੀ ਹੈ।
- ✓ ਭਾਈਚਾਰੇ ਵਿੱਚ ਮੁੜ ਕੇ ਰਿਹਾਇਸ਼ ਪ੍ਰਾਪਤ ਕਰਕੇ ਰਹਿਣਾ ਸ਼ੁਰੂ ਕਰਨ ਵਿੱਚ ਸਮਰਥਨ ਕੀਤਾ ਜਾਂਦਾ ਹੈ।
- ✓ ਜਿੱਥੇ ਉਚਿਤ ਹੁੰਦਾ ਹੈ, ਉੱਥੇ ਆਵਾਸ, ਮੁੜ ਕੇ ਰਿਹਾਇਸ਼ ਦੇਣ ਵਾਲੀਆਂ ਸੰਸਥਾਵਾਂ, ਸੋਸ਼ਲ ਸਕਿਉਰਿਟੀ ਵਿਭਾਗ, ਪੁਲੀਸ ਅਤੇ ਕਾਨੂੰਨੀ ਕੇਂਦਰਾਂ ਵਰਗੀਆਂ ਬਾਹਰਲੀਆਂ ਏਜੰਸੀਆਂ ਨਾਲ ਸੰਪਰਕ ਕੀਤਾ ਜਾਂਦਾ ਹੈ।
- ✓ ਜ਼ਬਰਦਸਤੀ ਕਰਕੇ ਕੀਤੇ ਗਏ ਵਿਆਹਾਂ ਤੋਂ ਤੰਗ ਆ ਕੇ ਕੇ ਘਰੋਂ ਦੌੜ ਜਾਣ ਵਾਲੀਆਂ ਏਸ਼ੀਅਨ ਔਰਤਾਂ ਨੂੰ ਸਮਰਥਨ ਅਤੇ ਸਲਾਹ-ਮਸ਼ਵਰਾ ਦਿੱਤਾ ਜਾਂਦਾ ਹੈ।
- ✓ ਪਨਾਹਗਾਹ ਵਿੱਚ ਰਹਿ ਰਹੇ ਬੱਚਿਆਂ ਨਾਲ ਕੰਮ ਕੀਤਾ ਜਾਂਦਾ ਹੈ।
- ✓ **ਆਵਾਸ ਸੰਬੰਧੀ ਫ਼ੰਡ :** ਜਿਹਨਾਂ ਔਰਤਾਂ ਕੋਲ ਪਬਲਿਕ ਫ਼ੰਡ 'ਚੋਂ ਪੈਸੇ ਲੈਣ ਦਾ ਕੋਈ ਵੀ ਚਾਰਾ ਨਹੀਂ ਹੁੰਦਾ, ਉਹਨਾਂ ਔਰਤਾਂ ਨੂੰ ਅਤੇ ਉਹਨਾਂ ਦੇ ਬੱਚਿਆਂ ਨੂੰ ਵੀ ਸਹੇਲੀ ਪਨਾਹਗਾਹ ਦੇ ਰੂਪ ਵਿੱਚ ਸਮਰਥਨ ਦਿੰਦੀ ਹੈ। ਜਿਹਨਾਂ ਔਰਤਾਂ ਨੇ ਆਵਾਸ ਦੇ ਕਾਨੂੰਨਾਂ ਦੀ ਪਾਲਣਾ ਨਹੀਂ ਕੀਤੀ ਹੁੰਦੀ, ਜੋ ਕਿ ਇਹ ਕਹਿੰਦਾ ਹੈ ਕਿ ਜਿਹੜੀਆਂ ਔਰਤਾਂ ਬਿਦੇਸ਼ ਤੋਂ ਆਪਣੇ ਮੰਗੇਤਰਾਂ ਨਾਲ ਰਹਿਣ ਲਈ ਆਉਂਦੀਆਂ ਹਨ, ਉਹਨਾਂ ਨੂੰ ਆਵਾਸ ਸੰਬੰਧੀ ਅਫ਼ਸਰਾਂ ਦੀ ਇਸ ਗੱਲ ਬਾਰੇ ਤਸੱਲੀ ਕਰਵਾਉਣ ਲਈ ਕਿ ਉਹਨਾਂ ਦਾ ਵਿਆਹ ਅਸਲ ਵਿੱਚ ਕਾਨੂੰਨੀ ਹੈ, ਘੱਟੋ ਘੱਟ 2 ਸਾਲ ਲਈ ਵਿਆਹਤਾ ਰੂਪ ਵਿੱਚ ਆਪਣੇ ਪਤੀ ਦੇ ਨਾਲ ਰਹਿਣਾ ਜ਼ਰੂਰੀ ਹੈ। ਜੇ ਉਹ ਇਸ ਅਰਸੇ ਦੌਰਾਨ ਘਰੇਲੂ ਤਸ਼ੱਦਦ ਤੋਂ ਤੰਗ ਆ ਕੇ ਘਰ ਛੱਡ ਜਾਂਦੀਆਂ ਹਨ ਤਾਂ ਉਹ ਸਰਕਾਰੀ ਭੱਤਾ ਕਲੇਮ ਨਹੀਂ ਕਰ ਸਕਦੀਆਂ।

ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਫ਼ੰਡ ਇਕੱਠਾ ਕਰਦੇ ਹਾਂ ਕਿ ਉਹ ਔਰਤਾਂ ਜਿਹਨਾਂ ਕੋਲ ਪਬਲਿਕ ਫ਼ੰਡ, ਜਿਸ ਵਿੱਚ ਰਿਹਾਇਸ਼ੀ ਭੱਤਾ ਸ਼ਾਮਲ ਹੈ (ਪਨਾਹਗਾਹ ਦੁਆਰਾ ਇਹੋ ਜਿਹੀਆਂ ਬਹੁਤ ਸਾਰੀਆਂ ਔਰਤਾਂ ਨੂੰ ਠੁਕਰਾ ਦਿੱਤਾ ਜਾਂਦਾ ਹੈ, ਕਿਉਂਕਿ ਉਹ ਰਿਹਾਇਸ਼ੀ ਭੱਤਾ ਕਲੇਮ ਨਹੀਂ ਕਰ ਸਕਦੀਆਂ) 'ਚੋਂ ਪੈਸੇ ਲੈਣ ਦਾ ਕੋਈ ਵੀ ਚਾਰਾ ਨਹੀਂ ਹੁੰਦਾ, ਉਹ ਵੀ ਪਨਾਹ ਦਾ ਪ੍ਰਬੰਧ ਕਰਨ ਦੇ ਯੋਗ ਹੋਣ। ਕਿਰਪਾ ਕਰਕੇ ਇਸ ਸੰਸਥਾ ਨੂੰ ਚੰਦਾ ਦੇਣ ਬਾਰੇ ਵਿਚਾਰ ਕਰੋ, ਜਿਸ ਨਾਲ ਸਿੱਧੇ ਤੌਰ ਤੇ ਇਹਨਾਂ ਔਰਤਾਂ ਅਤੇ ਬੱਚਿਆਂ ਦੀ ਸਹਾਇਤਾ ਕੀਤੀ ਜਾਵੇਗੀ।

